I/627278/2023 File No.SED-EDU404/52/2023-5EDU4

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-4 ਸ਼ਾਖਾ)

ਹੁਕਮ

ਸ੍ਰੀਮਤੀ ਭੁਪਿੰਦਰ ਕੌਰ, ਪ੍ਰਿੰਸੀਪਲ ਸਸਸਸ ਹਾਂਸ ਕਲਾਂ, ਲੁਧਿਆਣਾ ਵਿਰੁੱਧ ਦਫ: ਡੀ.ਪੀ.ਆਈ (ਸੈ) ਵੱਲੋ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ 8 ਅਧੀਨ ਮਿਤੀ 26.04.2021 ਰਾਹੀਂ ਦੋਸ਼ ਸੂਚੀ ਜਾਰੀ ਕੀਤੀ ਗਈ ਸੀ। ਜਿਸ ਵਿੱਚ ਉਸ ਵਿਰੁੱਧ ਹੇਠ ਲਿਖੇ ਅਨੁਸਾਰ ਦੋਸ਼ ਲਗਾਏ ਗਏ ਸਨ:

ਆਪ ਵਿਰੁੱਧ ਦੋਸ਼ ਹੈ ਕਿ ਉੱਪ ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਲੁਧਿਆਣਾ ਵੱਲੋ ਸਸਸਸ ਹਾਂਸ ਕਲਾਂ, ਜਿਲ੍ਹਾ ਲੁਧਿਆਣਾ ਦਾ ਅਚਨਚੇਤ ਨਿਰੀਖਣ ਕੀਤਾ ਗਿਆ। ਨਿਰੀਖਣ ਦੌਰਾਨ ਸਕੂਲ ਦੇ ਰਿਕਾਰਡ ਵਿੱਚ ਹੇਠ ਲਿਖੀਆਂ ਘਾਟਾਂ ਅਤੇ ਬੇਨਿਯਮੀਆਂ ਪਾਈਆਂ ਗਈਆਂ:-

1. ਅਧਿਆਪਕ ਹਾਜ਼ਰੀ ਰਜਿਸਟਰ ਪ੍ਰਿੰਸੀਪਲ ਵਲੋ ਤਸਦੀਕ ਨਹੀ ਕੀਤਾ ਹੋਇਆ ਸੀ।

2. ਸਮੱਗਰਾ ਅਧੀਨ ਵਿਭਾਗ ਵਲੋ ਐਲ.ਈ.ਡੀ. ਖਰੀਦਣ ਗਰਾਂਟ ਭੇਜੀ ਗਈ ਸੀ। ਰਿਕਾਰਡ ਵਿੱਚ ਐਲ.ਈ.ਡੀ ਦਾ ਤੇ ਬਿੱਲ ਮੌਜੂਦ ਸੀ, ਪਰ ਸਕੂਲ ਵਿਚ ਐਲ.ਈ.ਡੀ ਮੌਜੂਦ ਨਹੀ ਸੀ।

3. ਸਕੂਲ ਮੁੱਖੀ 01-09-2020 ਨੂੰ ਸਕੂਲ ਵਿਚ ਹਾਜਰ ਹੋਈ ਸੀ ਪਰੰਤੂ ਬੈਂਕ ਖਾਤੇ ਵਿਚ ਉਹਨਾ ਦੇ ਹਸਤਾਖਰ ਜਨਵਰੀ 2021 ਵਿਚ ਅਪਡੇਟ ਹੋਏ ਅਤੇ ਗਰਾਂਟਾਂ ਖਰਚ ਕਰਨ ਦਾ ਕੰਮ ਵੀ ਉਹਨਾ ਵਲੋ ਜਨਵਰੀ 2021 ਵਿਚ ਸ਼ੁਰੂ ਕੀਤਾ ਗਿਆ। ਉਨ੍ਹਾਂ ਵਲੋ ਆਪਣੇ ਸਮੇ ਦੌਰਾਨ ਪੁਰਾਣੇ ਪ੍ਰਿੰਸੀਪਲ ਤੋ ਹਸਤਾਖਰ ਕਰਵਾ ਕੇ ਅਕਤੂਬਰ ਵਿਚ ਗ੍ਰਾਂਟ ਖਰਚ ਕੀਤੀ ਗਈ, ਜੋ ਕਿ ਨਿਯਮਾਂ ਦੇ ਉਲਟ ਹੈ।

4. ਸਮੱਗਰਾ ਦੇ ਰਿਕਾਰਡ ਦੀ ਚੈਕਿੰਗ ਦੌਰਾਨ ਰਿਕਾਰਡ ਵਿਚੋ ਖਾਲੀ ਕੁਟੇਸਨਾ, ਬਿਲ, ਅਧੂਰੇ ਮਸਟਰ ਰੋਲ ਪ੍ਰਾਪਤ ਹੋਏ। ਜਿਸ ਤੋ ਇਹ ਪ੍ਰਤੀਤ ਹੁੰਦਾ ਹੈ ਕਿ ਸਕੂਲ ਮੁੱਖੀ ਵਲੋ ਸਕੂਲ ਵਿਚ ਫਰਜੀ ਕੁਟੇਸਨਾ ਫਰਜੀ ਬਿੱਲ ਖਰਚਿਆਂ ਲਈ ਪਾਏ ਜਾਂਦੇ ਹਨ। ਖਾਲੀ ਬਿੱਲ, ਖਾਲੀ ਕੁਟੇਸਨਾ ਤੋ ਪ੍ਰਤੀਤ ਹੁੰਦਾ ਹੈ ਕਿ ਇੱਕ ਵੱਡੀ ਗੜਬੜੀ ਦਾ ਅੰਦੇਸ਼ਾ ਹੈ।

5. ਬਹੁਤ ਸਾਰੇ ਸਮਾਨ ਦੀ ਖਰੀਦ ਕਰਨ ਸਮੇ ਤੁਲਨਾਤਮਕ ਸੂਚੀ ਨਹੀ ਬਣਾਈ ਹੋਈ। ਬਿੱਲ ਅਤੇ ਕੁਟੇਸਨਾ ਉਪਰ ਖਰੀਦ ਕਮੇਟੀ ਅਤੇ ਸਕੂਲ ਮੁੱਖੀ ਦੇ ਹਸਤਾਖਰ ਵੀ ਮੌਜੂਦ ਨਹੀ ਹਨ। ਕਈ ਬਿਲਾ ਉਪਰ ਕੋਈ ਵੀ ਸਪੈਸੀਫਿਕੇਸਨ ਦਰਜ ਨਹੀ ਸੀ। ਜਿਸ ਤੋ ਇਹ ਪਤਾ ਲਗਦਾ ਹੈ ਕਿ ਖਰੀਦ ਸਪੈਸੀਫਿਕੇਸਨ ਅਨੁਸਾਰ ਨਹੀ ਕੀਤੀ ਗਈ। ਜੋ ਕਿ ਨਿਯਮਾਂ ਦੇ ਉਲਟ ਹੈ।

6. ਇੰਚਾਰਜ ਸਕੂਲ ਮੁੱਖੀ ਹਰਪ੍ਰੀਤ ਕੌਰ ਵਲੋ ਦੱਸਿਆ ਗਿਆ ਕਿ ਸਕੂਲ ਮੁੱਖੀ ਵਲੋ ਸ੍ਰੀਮਤੀ ਸੁਖਪ੍ਰੀਤ ਕੌਰ, ਅੰਗਰੇਜੀ ਮਿਸਟ੍ਰੈਸ ਨੂੰ ਬਦਲੀ ਉਪਰੰਤ ਫਾਰਗ ਤਾਂ ਕਰ ਦਿੱਤਾ ਗਿਆ ਪਰੰਤੂ ਉਹਨਾ ਤੋ ਵਰਦੀਆ ਦੀ ਗਰਾਂਟ ਦਾ ਚਾਰਜ ਨਹੀ ਲਿਆ। ਜਿਸ ਕਰਕੇ ਵਰਦੀਆ ਦਾ ਰਿਕਾਰਡ ਨਹੀ ਦਿਖਾਇਆ ਜਾ ਸਕਦਾ। ਬਿਨਾਂ ਚਾਰਜ ਤੋਂ ਫਾਰਗ ਕਰਨਾ ਨਿਯਮਾਂ ਦੇ ਉਲਟ ਹੈ।

7. ਭਲਾਈ ਫੰਡ ਰਜਿਸਟਰ ਤੇ ਜਨਵਰੀ 2021 ਤੋਂ ਬਾਅਦ ਸਕੂਲ ਮੁੱਖੀ ਦੇ ਹਸਤਾਖਰ ਨਹੀਂ ਸਨ ਅਤੇ ਰਜਿਸਟਰ ਨੂੰ ਤਸਦੀਕ ਵੀ ਨਹੀ ਕੀਤਾ ਗਿਆ ਹੈ। ਭਲਾਈ ਫੰਡ ਵਿਚ ਨਵੰਬਰ 2020 ਵਿਚ 6196 ਰੁਪਏ ਦਾ ਬਿੱਲ ਪਾਇਆ ਗਿਆ ਪਰੰਤੂ ਉਸ ਉਪਰ ਬਿੱਲ ਦੀ ਮਿਤੀ ਦੀ ਥਾਂ ਕੇਵਲ 11 2020 ਹੀ ਲਿਖਿਆ ਹੋਇਆ ਸੀ, ਜਿਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਸੈਟਲਮੈਂਟ ਕਰਕੇ ਮਿਤੀਆ ਪਾਈਆਂ ਜਾਂਦੀਆ ਹਨ। ਮਿਤੀ 08-03-21 ਨੂੰ ਕਲਸੀ ਵੈਲਡਿੰਗ ਵਰਕਸ਼ਾਪ ਦੇ 2 ਬਿੱਲ ਰਕਮ 4000/- ਰੁਪਏ ਅਤੇ 1600/- ਰੁਪਏ ਰਿਕਾਰਡ ਵਿਚ ਮੌਜੂਦ ਹਨ ਜਿਨ੍ਹਾਂ ਵਿਚ ਖਰੀਦੇ ਸਮਾਨ ਦਾ

P.T.O.

ਕੋਈ ਵੇਰਵਾ ਦਰਜ ਨਹੀਂ ਸੀ ਅਤੇ ਕੇਵਲ ਰਕਮ ਹੀ ਦਰਜ ਸੀ। ਇਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਇਹ ਫਰਜੀ ਬਿੱਲ ਆਪ ਹੀ ਸਕੂਲ ਵਿਚ ਬਣਾਇਆ ਗਿਆ ਹੈ। ਵਾਊਚਰ ਨੰਬਰ 271 ਰਕਮ 450/- ਅਤੇ ਵਾਊਚਰ ਨੰਬਰ 272 ਰਕਮ 400/- ਰੁਪਏ ਅਸਲ ਬਿੱਲ ਦੀ ਬਜਾਏ ਫੋਟੋ ਕਾਪੀ ਹੀ ਰਿਕਾਰਡ ਵਿਚ ਲਗਾਏ ਗਏ ਸਨ, ਜੋ ਕਿ ਨਿਯਮਾਂ ਦੇ ਉਲਟ ਹੈ। ਭਲਾਈ ਫੰਡ ਵਿਚ ਵਾਊਚਰ ਨੰਬਰ 268 ਅਨੁਸਾਰ 6000/- ਦੀ ਪੇਂਟ ਦੀ ਲੇਬਰ ਦੀ ਅਦਾਇਗੀ ਕੀਤੀ ਗਈ ਸੀ ਪਰੰਤੂ ਰਿਕਾਰਡ ਵਿਚ ਕੋਈ ਮਸਟਰ ਰੋਲ ਮੌਜੂਦ ਨਹੀ ਸੀ।

8. ਮਿਡ-ਡੇ-ਮੀਲ ਦੀ ਕੈਸ਼ ਬੁੱਕ ਫਰਵਰੀ 2021 ਤੱਕ ਲਿਖੀ ਹੋਈ ਸੀ ਪਰੰਤੂ ਸਤੰਬਰ 2020 ਤੋਂ ਇਹ ਕੈਸ਼ ਬੁੱਕ ਸਕੂਲ ਮੁੱਖੀ ਵਲੋਂ ਤਸਦੀਕਸ਼ੁਦਾ ਨਹੀਂ ਸੀ। ਜਨਵਰੀ 2021 ਤੋਂ ਮਿਡ-ਡੇ-ਮੀਲ ਦਾ ਕੋਈ ਵੀ ਬਿੱਲ ਸਕੂਲ ਮੁੱਖੀ ਵਲੋਂ ਤਸਦੀਕਸ਼ੁਦਾ ਨਹੀ ਸੀ। ਜਿਸ ਤੋਂ ਪ੍ਰਤੀਤ ਹੁੰਦਾ ਹੈ ਕਿ ਸਕੂਲ ਮੁੱਖੀ ਵਲੋਂ ਮਹੀਨਾ ਵਾਰ ਫੰਡ ਰਜਿਸਟਰ, ਕੈਸ਼ ਬੁੱਕ ਤਸਦੀਕ ਨਹੀਂ ਕੀਤੇ ਜਾਂਦੇ।

9. ਮਿਡ-ਡੇ-ਮੀਲ ਵਾਊਚਰ ਨੰਬਰ 953 ਰਕਮ 12840/- ਰੁਪਏ ਦਾ ਬਿੱਲ ਦੀ ਬਿਨਾਂ ਤਾਰੀਖ ਤੋਂ ਹੀ ਰਿਕਾਰਡ ਵਿੱਚ ਲੱਗਾ ਸੀ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਮਿਡ-ਡੇ-ਮੀਲ ਵਿਚ ਗੜਬੜੀ ਕੀਤੀ ਜਾਂਦੀ ਹੈ।

10. ਮਿਡ-ਡੇ-ਮੀਲ ਅਧੀਨ ਲਾਕਡਾਊਨ ਦੌਰਾਨ ਕੁਕਿੰਗ ਕਾਸਟ ਦੀ ਰਾਸ਼ੀ ਬੱਚਿਆ ਦੇ ਖਾਤਿਆ ਵਿਚ ਜਾਰੀ ਕਰਨ ਦੀ ਐਂਟਰੀ ਕੈਸ਼-ਬੁੱਕ ਵਿਚ ਤਾਂ ਦਰਜ ਸੀ ਪਰੰਤੂ ਰਾਸ਼ੀ ਟਰਾਂਸਫਰ ਕਰਨ ਸਬੰਧੀ ਬੱਚਿਆ ਦੀ ਕੋਈ ਲਿਸਟ ਰਿਕਾਰਡ ਵਿਚ ਉਪਲਬੱਧ ਨਹੀਂ ਸੀ ਅਤੇ ਨਾ ਹੀ ਪਾਸ-ਬੁਕ ਉਪਲਬੱਧ ਸੀ। ਪਾਸ ਬੁੱਕ ਮੰਗਣ ਤੇ ਫੰਡ ਦੇ ਇੰਚਾਰਜ ਵਲੋਂ ਇਸ ਸਬੰਧੀ ਟਾਲਮਟੋਲ ਜਵਾਬ ਦਿੱਤਾ ਗਿਆ।

11. ਮਤਾ ਨੰਬਰ 42 ਤੋਂ 45 ਜੋ ਕਿ ਮਤਾ ਬੁੱਕ ਵਿਚ ਕੇਵਲ ਲਿਖੇ ਗਏ ਸਨ, ਇਹਨਾ ਮਤਿਆਂ ਨਾਲ ਸਬੰਧਤ ਗਰਾਂਟਾਂ ਖਰਚ ਵੀ ਕਰ ਲਈਆਂ ਗਈਆ ਹਨ ਪਰੰਤੂ ਇਸ ਸਬੰਧੀ ਕੋਈ ਕਮੇਟੀ ਨਹੀ ਬਣਾਈ ਗਈ ਸੀ ਅਤੇ ਨਾ ਹੀ ਮਤਿਆ ਉਪਰ ਕਿਸੇ ਐਸ.ਐਮ.ਸੀ ਮੈਂਬਰ ਦੇ ਹਸਤਾਖਰ ਸਨ। ਜਿਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਸਕੂਲ ਮੁੱਖੀ ਵਲੋਂ ਗਰਾਂਟਾਂ ਆਪਣੀ ਮਰਜੀ ਨਾਲ ਖਰਚ ਕਰ ਲਈਆ ਜਾਂਦੀਆਂ ਹਨ ਅਤੇ ਬਾਅਦ ਵਿਚ ਮਤੇ ਮੁਕੰਮਲ ਕਰਕੇ ਖਰੀਦ ਕਮੇਟੀ ਮੈਂਬਰਾਂ ਅਤੇ ਐਸ.ਐਸ.ਸੀ ਮੈਂਬਰਾਂ ਦੇ ਹਸਤਾਖਰ ਕਰਵਾ ਲਏ ਜਾਂਦੇ ਹਨ।

12. ਕੈਸ਼ ਬੁੱਕ ਵਿਚ 05-01-2021 ਨੂੰ 1200/- ਰੁਪਏ ਵਰਦੀਆਂ ਦਾ ਖਰਚਾ ਦਰਜ ਕੀਤਾ ਗਿਆ ਸੀ ਪਰੰਤੂ ਉਕਤ ਖਰਚੇ ਦਾ ਬਿੱਲ ਮਿਤੀ 07-01-2021 ਦਾ ਸੀ। ਜਿਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਬਿੱਲ ਲੈਣ ਤੋਂ ਪਹਿਲਾ ਹੀ ਫਰਮ ਨੂੰ ਅਦਾਇਗੀ ਕਰ ਦਿੱਤੀ ਗਈ ਸੀ, ਜੋ ਕਿ ਵਿੱਤੀ ਨਿਯਮਾਂ ਦੀ ਉਲੰਘਣਾ ਹੈ।

13. ਬੱਚਿਆਂ ਨੂੰ ਫੋਟੋ ਸਟੇਟ ਕਰਵਾ ਕੇ ਦਿੱਤੇ ਜਾਣ ਵਾਲੇ ਸਟੱਡੀ ਮੈਟੀਰੀਅਲ ਦੀ ਵੰਡ ਸਬੰਧੀ ਕੋਈ ਰਿਕਾਰਡ ਮੌਜੂਦ ਨਹੀ ਸੀ। ਰਿਕਾਰਡ ਵਿੱਚ ਫੋਟੋ ਸਟੇਟ ਫਰਮ ਦੀਆ ਖਾਲੀ ਕੁਟੇਸ਼ਨਾਂ ਹੀ ਪ੍ਰਾਪਤ ਹੋਈਆਂ। ਜਿਸ ਤੋਂ ਇਹ ਜਾਪਦਾ ਹੈ ਕਿ ਸਕੂਲ ਵਲੋਂ ਉਕਤ ਗਰਾਂਟ ਦਾ ਕੇਵਲ ਖਰਚਾ ਪਾ ਕੇ ਰਕਮ ਕਢਵਾਈ ਜਾਂਦੀ ਹੈ ਪਰੰਤੂ ਬੱਚਿਆਂ ਨੂੰ ਇਸ ਦਾ ਕੋਈ ਲਾਭ ਨਹੀ ਦਿੱਤਾ ਜਾਂਦਾ।

2. ਇਹ ਕਿ ਦੋਸ਼ ਸੂਚੀ ਵਿੱਚ ਲਗਾਏ ਗਏ ਦੋਸ਼ਾਂ ਦੀ ਰੈਗੂਲਰ ਪੜਤਾਲ ਕਰਨ ਲਈ ਸ੍ਰੀ ਆਈ.ਪੀ.ਐਸ. ਮਲਹੋਤਰਾ ਓ.ਐਸ.ਡੀ. ਟੂ ਡੀ.ਜੀ.ਐਸ.ਈ. ਨੂੰ ਮਿਤੀ 30.06.2019 ਰਾਹੀਂ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ।

3. ਇਹ ਕਿ ਪੜਤਾਲੀਆ ਅਫਸਰ ਵੱਲੋਂ ਆਪਣੀ ਰਿਪੋਰਟ ਪੱਤਰ ਮਿਤੀ 20-09-2021 ਰਾਹੀਂ ਦਫ: ਡੀ.ਪੀ.ਆਈ.(ਸ) ਨੂੰ ਪੇਸ਼ ਕੀਤੀ ਗਈ, ਜਿਸ ਵਿੱਚ ਅਧਿਕਾਰਨ ਵਿਰੁੱਧ ਲਗਾਏ ਗਏ ਕੁੱਝ ਦੋਸ਼ ਅੰਸ਼ਿਕ ਤੌਰ ਤੇ ਅਤੇ ਕੁੱਝ ਦੋਸ਼ ਪੂਰਨ ਤੌਰ ਤੇ ਸਿੱਧ ਕੀਤੇ ਗਏ। ਇਸ ਲਈ ਨਿਯਮਾਂ ਅਨੁਸਾਰ ਪੜਤਾਲ ਰਿਪੋਰਟ ਦੀ ਕਾਪੀ ਦੋਸ਼ੀ ਅਧਿਕਾਰਨ ਨੂੰ ਵਿਭਾਗ ਦੇ ਪੱਤਰ ਮਿਤੀ 11-10-2021 ਰਾਹੀ ਭੇਜ ਕੇ ਸਪੱਸ਼ਟੀਕਰਨ ਮੰਗਿਆ ਗਿਆ ਸੀ।

P.T.O.

2562009
28/08/23

4. ਇਹ ਕਿ ਅਧਿਕਾਰਨ ਵੱਲੋਂ ਪੜ੍ਹਤਾਲ ਰਿਪੋਰਟ ਦੇ ਸਬੰਧ ਵਿੱਚ ਆਪਣਾ ਪ੍ਰਤੀਕਰਮ ਮਿਤੀ 18-10-2021 ਰਾਹੀਂ ਵਿਭਾਗ ਨੂੰ ਭੇਜਿਆ ਗਿਆ। ਪੜਤਾਲੀਆ ਅਫਸਰ ਦੀ ਰਿਪੋਰਟ ਅਤੇ ਰਿਪੋਰਟ ਦੇ ਸਬੰਧ ਵਿੱਚ ਪ੍ਰਿੰਸੀਪਲ ਵੱਲੋਂ ਦਿੱਤੇ ਪ੍ਰਤੀਕਰਮ ਨੂੰ ਵਿਚਾਰਨ ਉਪਰੰਤ ਅਧਿਕਾਰਨ ਨੂੰ ਮਿਤੀ 17.07.2023 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ।

5. ਇਹ ਕਿ ਨਿੱਜੀ ਸੁਣਵਾਈ ਦੌਰਾਨ ਅਧਿਕਾਰਨ ਵੱਲੋਂ ਪੇਸ਼ ਕੀਤੀਆਂ ਦਲੀਲਾਂ ਅਤੇ ਰਿਕਾਰਡ ਤੇ ਆਏ ਤੱਥਾਂ ਨੂੰ ਗਹੁ ਨਾਲ ਵਿਚਾਰਨ ਉਪਰੰਤ ਸਮਰੱਥ ਅਧਿਕਾਰੀ ਵੱਲੋਂ ਸ੍ਰੀਮਤੀ ਭੁਪਿੰਦਰ ਕੌਰ, ਪ੍ਰਿੰਸੀਪਲ ਸਸਸਸ ਹਾਂਸ ਕਲਾਂ, ਜਿਲ੍ਹਾ ਲੁਧਿਆਣਾ ਨੂੰ ਉਸਦੀ ਇੱਕ ਸਲਾਨਾ ਤਰੱਕੀ ਬਿਨ੍ਹਾਂ ਭਵਿੱਖੀ ਅਸਰ ਬੰਦ ਕਰਨ ਦੀ ਸਜਾ ਦਿੱਤੀ ਜਾਂਦੀ ਹੈ।

ਕਮਲ ਕਿਸ਼ੋਰ ਯਾਦਵ, ਆਈ.ਏ.ਐਸ.,
ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।

ਮਿਤੀ, ਚੰਡੀਗੜ੍ਹ:
23.08.2023

ਪਿ: ਅੰ: ਨੰ: ਉਕਤ/ ਮਿਤੀ, ਚੰਡੀਗੜ੍ਹ: 24.08.2023

ਉਪਰੋਕਤ ਦਾ ਉਤਾਰਾ ਹੇਠਾਂ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਸ-ਮੋਹਾਲੀ ਨੂੰ ਉਨ੍ਹਾਂ ਦੀ ਈ ਮਿਸਲ ਨੰ: 178883 ਦੇ ਹਵਾਲੇ ਵਿੱਚ।
2. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਲੁਧਿਆਣਾ।
3. ਸ੍ਰੀਮਤੀ ਭੁਪਿੰਦਰ ਕੌਰ, ਪ੍ਰਿੰਸੀਪਲ ਸਸਸਸ ਹਾਂਸ ਕਲਾਂ, ਲੁਧਿਆਣਾ।

25/08/23
AO (ਸੇਵਾਵਾਂ-3)

Recd
3/8
ਸ. ਸੇ 3

(ਸੁਰਜੀਤ ਸਿੰਘ)
ਸੁਪਰਡੰਟ

ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ,ਸਅਸ ਨਗਰ।
(ਸੇਵਾਵਾਂ-3ਸ਼ਾਖਾ)

ਪਿੱਠ ਅੰਕਣ ਨੰਬਰ ਸਮੇਂ ਸਕ/2023 ਸੇ 3(1) ਮਿਤੀ - 4/x/2023

ਉਤਾਰਾ :-ਜਿਲ੍ਹਾ ਜਿਲ੍ਹਾ ਸਿੱਖਿਆ ਅਫਸਰ (ਲੁਧਿਆਣਾ)ਸਰਕਾਰ ਤੋ ਪ੍ਰਾਪਤ ਪੱਤਰ ਦੀ ਕਾਪੀ ਭੇਜ ਕੇ ਲਿਖਿਆ ਜਾਦਾਂ ਹੈ ਕਿ ਸਰਕਾਰ ਦੇ ਆਦੇਸ਼ਾਂ ਦੀ ਪਾਲਣਾ ਕਰਨਾ ਯਕੀਨੀ ਬਣਾਈਆਂ ਜਾਵੇ।

Recd 5/10/23

ਸਹਾਇਕ ਡਾਇਰੈਕਟਰ